# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ), ਬਠਿੰਡਾ
## ਤੀਜ਼ੀ ਮੰਜ਼ਿਲ ਮਿਨੀ ਸਕੱਤਰੇਤ
deose.bathinda@punjabeducation.gov.in

ਮੀਮੋ ਨੰਬਰ :- ਏ-6/2026/6093-6096
ਮਿਤੀ, ਬਠਿੰਡਾ :- 02.07.2026

**ਵੱਲ,**

ਸਬੰਧਤ ਸਕੂਲ ਮੁਖੀ(ਨਿਮਨ ਸੂਚੀ ਅਨੁਸਾਰ),ਜ਼ਿਲ੍ਹਾ ਬਠਿੰਡਾ।

**ਵਿਸ਼ਾ: ਅਗਸਤਿਆ ਇੰਟਰਨੈਸ਼ਨਲ ਫਾਊਂਡੇਸ਼ਨ ਦੁਆਰਾ ਸਕੂਲਾਂ ਅੰਦਰ Hands-on Science ਪ੍ਰੋਗਰਾਮ ਕਰਵਾਉਣ ਸੰਬੰਧੀ।**

**ਹਵਾਲਾ:** ਰਾਜ ਵਿਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ (SCERT), ਪੰਜਾਬ ਦੇ ਪੱਤਰ ਨੰਬਰ SCERT/RAA/e-337776/2026/175909 ਮਿਤੀ 01.07.2026 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਰਾਜ ਵਿਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ (SCERT), ਪੰਜਾਬ ਵੱਲੋਂ ਪ੍ਰਾਪਤ ਦਿਸ਼ਾ-ਨਿਰਦੇਸ਼ਾਂ ਅਨੁਸਾਰ AGASTYA International Foundation ਦੁਆਰਾ ਸਾਲ 2026-27 ਦੌਰਾਨ ਜ਼ਿਲ੍ਹਾ ਬਠਿੰਡਾ ਦੇ ਹੇਠ ਲਿਖੇ 10 ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ Hands-on Science ਪ੍ਰੋਗਰਾਮ ਕਰਵਾਇਆ ਜਾਣਾ ਹੈ:

**ਸਬੰਧਤ ਸਕੂਲਾਂ ਦੀ ਸੂਚੀ:**

**1. ਸਸਸਸ ਤਲਵੰਡੀ ਸਾਬੋ 2. ਸਸਸਸ ਭਾਗੀਵਾਂਦਰ 3. ਸਸਸਸ ਗਟਵਾਲੀ 4. ਸਸਸਸ ਤਿਓਣਾ ਪੁਜਾਰੀਆਂ 5. ਸਸਸਸ ਰਾਮ ਤੀਰਥ ਜਗਾ 6. ਸਹਸ ਬਹਿਮਣ ਜੱਸਾ ਸਿੰਘ 7. ਸਸਸਸ ਸ਼ੇਖਪੁਰਾ 8. ਸਹਸ ਸਿੰਘੋ 9. ਸਹਸ ਧਿੰਗੜ 10. ਸਸਸਸ ਜੀਵਨ ਸਿੰਘ ਵਾਲਾ**

ਜ਼ਰੂਰੀ ਹਦਾਇਤਾਂ:

- **ਕੋਈ ਫੀਸ ਨਹੀਂ:** ਇਸ ਪ੍ਰੋਗਰਾਮ ਨੂੰ ਕਰਵਾਉਣ ਲਈ ਸੰਸਥਾ (AGASTYA International Foundation) ਵੱਲੋਂ ਵਿਦਿਆਰਥੀਆਂ ਜਾਂ ਸਕੂਲ ਕੋਲੋਂ ਕੋਈ ਵੀ ਫੀਸ ਨਹੀਂ ਲਈ ਜਾਵੇਗੀ।
- **ਸਕੂਲ ਸਮਾਂ-ਸਾਰਣੀ (Time-Table):** ਇਸ ਪ੍ਰੋਗਰਾਮ ਦੇ ਚਲਦਿਆਂ ਸਕੂਲ ਦਾ ਰੋਜ਼ਾਨਾ ਟਾਇਮ-ਟੇਬਲ ਕਿਸੇ ਵੀ ਕੀਮਤ 'ਤੇ ਤਬਦੀਲ ਜਾਂ ਡਿਸਟਰਬ ਨਹੀਂ ਕੀਤਾ ਜਾਵੇਗਾ। ਸਕੂਲ ਦੀ ਪੜ੍ਹਾਈ ਦਾ ਨੁਕਸਾਨ ਕੀਤੇ ਬਿਨਾਂ ਇਹ ਗਤੀਵਿਧੀਆਂ ਕਰਵਾਈਆਂ ਜਾਣ।
- **ਵਿਦਿਆਰਥੀਆਂ ਦਾ ਫੀਡਬੈਕ:** ਸਕੂਲ ਮੁਖੀਆਂ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਸੰਸਥਾ ਦੁਆਰਾ ਚਲਾਏ ਜਾਣ ਵਾਲੇ ਇਸ ਪ੍ਰੋਗਰਾਮ ਸਬੰਧੀ ਵਿਦਿਆਰਥੀਆਂ ਪਾਸੋਂ ਲੋੜੀਂਦਾ ਫੀਡਬੈਕ (Feedback) ਲਿਆ ਜਾਵੇ ਅਤੇ ਇਸਦਾ ਰਿਕਾਰਡ ਮੈਨਟੇਨ ਕੀਤਾ ਜਾਵੇ।
- **ਮਹੀਨਾਵਾਰ ਰਿਪੋਰਟ:** AGASTYA International Foundation ਵੱਲੋਂ ਆਪਣੇ ਦੁਆਰਾ ਕੀਤੀਆਂ ਗਈਆਂ ਗਤੀਵਿਧੀਆਂ/ਕੰਮਾਂ ਦੀ ਮਹੀਨਾਵਾਰ ਰਿਪੋਰਟ ਦੀ ਹਾਰਡ ਕਾਪੀ (Quarterly Report) ਇਸ ਦਫ਼ਤਰ (ਜ਼ਿਲ੍ਹਾ ਸਿੱਖਿਆ ਦਫ਼ਤਰ, ਸੈ.ਸਿੱ., ਬਠਿੰਡਾ) ਵਿਖੇ ਜਮ੍ਹਾਂ ਕਰਵਾਈ ਜਾਣੀ ਲਾਜ਼ਮੀ ਹੈ। ਸਕੂਲ ਮੁਖੀ ਸਾਇੰਸ ਵਿਸ਼ੇ ਦੇ ਅਧਿਆਪਕ ਨੂੰ ਬਤੌਰ ਨੋਡਲ ਨਿਯੁਕਤ ਕਰਨਗੇ ਜੋ ਇਸ ਸਬੰਧੀ ਸਾਰਾ ਰਿਕਾਰਡ ਮੈਨਟੇਨ ਕਰੇਗਾ ।ਦਫਤਰ ਵੱਲੋਂ ਜ਼ਰੂਰਤ ਪੈਣ ਤੇ ਰਿਕਾਰਡ ਦੀ ਮੰਗ ਕੀਤੀ ਜਾ ਸਕਦੀ ਹੈ ।ਇਸ ਪ੍ਰੋਗਰਾਮ ਦਾ ਮੁੱਖ ਮਨੋਰਥ ਵਿਦਿਆਰਥੀਆਂ ਵਿੱਚ ਵਿਗਿਆਨ ਵਿਸ਼ੇ ਪ੍ਰਤੀ ਰੁਚੀ ਪੈਦਾ ਕਰਨਾ ਅਤੇ ਪ੍ਰੈਕਟੀਕਲ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਹੈ। ਇਸ ਲਈ ਸਮੂਹ ਸਕੂਲ ਮੁਖੀ ਇਸ ਪ੍ਰੋਗਰਾਮ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਆਪਣਾ ਪੂਰਨ ਸਹਿਯੋਗ ਦੇਣਾ ਯਕੀਨੀ ਬਣਾਉਣ।

**ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.)**
**ਬਠਿੰਡਾ।**

ਪਿੱਠ ਅੰਕਣ ਨੰਬਰ: ਮਿਤੀ, ਬਠਿੰਡਾ: 02.07.2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ, ਰਾਜ ਵਿਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ (SCERT), ਪੰਜਾਬ।
2. ਅਗਸਤਿਆ ਇੰਟਰਨੈਸ਼ਨਲ ਫਾਊਂਡੇਸ਼ਨ (AGASTYA International Foundation) (info@agastya.org)।

**ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.)**
**ਬਠਿੰਡਾ।**